ਐਸ.ਏ.ਐਸ.ਨਗਰ ਅਤੇ ਨੇੜਲੇ ਪਿੰਡਾਂ ਦੀ ਨੁਹਾਰ ਬਦਲੀ ਜਾਵੇਗੀ: ਡਿਪਟੀ ਕਮਿਸ਼ਨਰ

ਪਿੰਡ ਮੋਟੇਮਾਜਰਾ ਵਿਖੇ ਪੰਛੀਆਂ ਦੀ ਰੱਖ ਬਣਾਈ ਜਾਵੇਗੀ ਅਤੇ ਇਸ ਥਾਂ ਨੂੰ ਸੈਰ ਸਪਾਟੇ ਵਜੋਂ ਵਿਕਸਿਤ ਕੀਤਾ ਜਾਵੇਗਾ

ਐਸ.ਏ.ਐਸ.ਨਗਰ, 9 ਸਤੰਬਰ (ਵੀਨਾ ਰਾਜਪੂਤ)- ਐਸ.ਏ.ਐਸ.ਨਗਰ ਸ਼ਹਿਰ ਅਤੇ ਇਸ ਦੇ ਨੇੜਲੇ ਪਿੰਡਾਂ ਦੀ ਨੁਹਾਰ ਬਦਲ ਕੇ ਨਵੀਂ ਦਿੱਖ ਪ੍ਰਦਾਨ ਕੀਤੀ ਜਾਵੇਗੀ। ਸ਼ਹਿਰ ਅਤੇ ਪਿੰਡਾਂ ਨੂੰ ਸਾਫ਼ ਸੁਥਰਾ ਰੱਖਣ ਲਈ ਆਮ ਲੋਕਾਂ ਤੋਂ ਸਹਿਯੋਗ ਲਿਆ ਜਾਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਪਰਵੀਨ ਕੁਮਾਰ ਡਿਪਟੀ ਕਮਿਸ਼ਨਰ ਐਸ.ਏ.ਐਸ.ਨਗਰ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਸੱਦੀ ਗਈ ਪਲੇਠੀ ਪ੍ਰੈਸ ਮਿਲਣੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਪ੍ਰਸ਼ਾਸ਼ਨ ਅਤੇ ਪੱਤਰਕਾਰਾਂ ਵਿਚਕਾਰ ਆਪਸੀ ਤਾਲਮੇਲ ਹੋਣਾ ਲਾਜ਼ਮੀ ਹੈ। ਜਿਸ ਦੇ ਬਹੁਤ ਹੀ ਸਾਰਥਿਕ ਸਿੱਟੇ ਨਿਕਲਦੇ ਹਨ। ਉਹਨਾਂ ਕਿਹਾ ਕਿ ਪੱਤਰਕਾਰਾਂ ਵੱਲੋਂ ਸਰਕਾਰ ਦੀਆਂ ਯੋਜਨਾਂਵਾ ਨੂੰ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਲੋਕਾਂ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਆਮ ਲੋਕਾਂ ਦੀਆਂ ਮੁਸ਼ਕਿਲਾਂ ਸਰਕਾਰ ਤੱਕ ਪੁੱਜਦੀਆਂ ਕਰਨ ਲਈ ਵੱਡੀ ਭੂਮਿਕਾ ਨਿਭਾਈ ਜਾਂਦੀ ਹੈ। ਪੱਤਰਕਾਰਾਂ ਦੇ ਸਹਿਯੋਗ ਨਾਲ ਇਸ ਜ਼ਿਲ੍ਹੇ ਦੀ ਕਾਇਆ ਕਲਪ ਕੀਤੀ ਜਾਵੇਗੀ ਅਤੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਨੂੰ ਪਹਿਲ ਦੇ ਆਧਾਰ ਤੇ ਪੂਰਾ ਕੀਤਾ ਜਾਵੇਗਾ। ਇਸ ਮੌਕੇ ਪੱਤਰਕਾਰਾਂ ਵੱਲੋਂ ਸ਼ਹਿਰ ਦੀ ਸਫ਼ਾਈ ਅਤੇ ਸੁੰਦਰਤਾ ਲਈ ਕੀਤੇ ਜਾਣ ਵਾਲੇ ਕੰਮਾਂ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹਾਲ ਹੀ ਵਿੱਚ ਮੁੱਖ ਮੰਤਰੀ ਪੰਜਾਬ ਸਰਦਾਰ ਪਰਕਾਸ਼ ਸਿੰਘ ਬਾਦਲ ਵੱਲੋਂ ਜ਼ਿਲ੍ਹੇ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਇਸ ਸਬੰਧੀ ਕੋਈ ਪੱਕੀ ਯੋਜਨਾਂ ਤਿਆਰ ਕੀਤੀ ਜਾਵੇ ਤਾਂ ਜੋ ਉਸ ਨੂੰ ਜਲਦੀ ਅਮਲੀ ਜਾਮਾ ਪਹਿਨਾਇਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਬੰਧੀ ਇੱਕ ਯੋਜਨਾਂ ਤਿਆਰ ਕਰ ਲਈ ਗਈ ਹੈ ਜਿਸ ਤੇ ਕੰਮ ਵੀ ਸ਼ੁਰੂ ਹੋ ਚੁੱਕਾ ਹੈ। ਉਹਨਾਂ ਕਿਹਾ ਕਿ ਪਹਿਲੇ ਫੇਜ਼ ਦੌਰਾਨ ਸ਼ਹਿਰ ਦੀ ਸਫ਼ਾਈ ਅਤੇ ਸੁੰਦਰਤਾ ਲਈ ਯੋਜਨਾਂ ਤਿਆਰ ਕੀਤੀ ਗਈ ਹੈ। ਜਿਸ ਤਹਿਤ ਸ਼ਹਿਰ ਦੇ ਤਕਰੀਬਨ 6 ਚੌਂਕਾਂ ਨੂੰ ਚੰਡੀਗੜ੍ਹ ਪੈਟਰਨ ਤੇ ਸੁੰਦਰ ਬਣਾਇਆ ਜਾਵੇਗਾ। ਜਿੱਥੇ ਕਿ ਲਾਇਟਾਂ, ਫੁਹਾਰੇ ਆਦਿ ਲਗਾਏ ਜਾਣਗੇ। ਉਹਨਾਂ ਦੱਸਿਆ ਕਿ ਇਹਨਾਂ ਚੌਂਕਾਂ ਵਿੱਚੋਂ ਤਿੰਨ ਚੌਂਕਾਂ ਦੇ ਡਿਜ਼ਾਇਨ ਵੀ ਤਿਆਰ ਕਰ ਲਏ ਗਏ ਹਨ ਅਤੇ ਇੱਕ

ਸ੍ਰੀ ਪਰਵੀਨ ਕੁਮਾਰ ਡਿਪਟੀ ਕਮਿਸ਼ਨਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਐਸ.ਏ.ਐਸ.ਨਗਰ ਦੇ ਮੀਟਿੰਗ ਹਾਲ ਵਿਖੇ ਆਪਣੀ ਪਲੇਠੀ ਪ੍ਰੈਸ ਮਿਲਣੀ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ। ਉਹਨਾਂ ਨਾਲ ਵਧੀਕ ਡਿਪਟੀ ਕਮਿਸ਼ਨਰ ਸ੍ਰੀ ਮਹਿੰਦਰ ਸਿੰਘ ਕੈਂਥ ਵੀ ਦਿਖਾਈ ਦੇ ਰਹੇ।

ਚੌਂਕ ਨੂੰ ਸੁੰਦਰ ਬਣਾਉਣ ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਇਸ ਤੋਂ ਇਲਾਵਾ ਸ਼ਹਿਰ ਵਿੱਚ ਜਿਹੜੀਆਂ ਥਾਵਾਂ ਤੇ ਵੱਡਾ ਵੱਡਾ ਘਾਹ ਉੱਗਿਆ ਹੋਇਆ ਹੈ ਉਸ ਦੀ ਸਫ਼ਾਈ ਦਾ ਕੰਮ ਵੀ ਸ਼ੁਰੂ ਹੋ ਚੁੱਕਾ ਹੈ। ਡਿਪਟੀ ਕਮਿਸ਼ਨਰ ਵੱਲੋਂ ਪੱਤਰਕਾਰਾਂ ਰਾਹੀਂ ਆਮ ਲੋਕਾਂ ਨੂੰ ਅਪੀਲ ਵੀ ਕੀਤੀ ਗਈ ਕਿ ਉਹ ਆਪਣੇ ਘਰਾਂ ਦੇ ਕੂੜਾ ਕਰਕਟ ਨੂੰ ਸੜਕਾਂ ਅਤੇ ਪਾਰਕਾਂ ਵਿੱਚ ਨਾ ਸੁੱਟਣ ਜਿਸ ਨਾਲ ਗੰਦਗੀ ਫੈਲਦੀ ਹੈ ਅਤੇ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਉਹ ਕੂੜਾ ਕਰਕਟ ਨੂੰ ਨਗਰ ਕੌਂਸਲ ਵੱਲੋਂ ਨਿਰਧਾਰਤ ਕੀਤੀਆਂ ਥਾਵਾਂ ਤੇ ਸੁੱਟਣ ਤਾਂ ਜੋ ਸ਼ਹਿਰ ਸਾਫ਼ ਸੁਥਰਾ ਬਣ ਸਕੇ। ਪੱਤਰਕਾਰਾਂ ਵੱਲੋਂ ਇਸ ਮੌਕੇ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦਾ ਕਿ ਕੁੱਝ ਫਿਕਸ ਡੰਪਿੰਗ ਪੁਆਇੰਟ ਸਕੂਲਾਂ ਅਤੇ ਧਾਰਮਿਕ ਸਥਾਨਾਂ ਨੇੜੇ ਬਣਾਏ ਹੋਏ ਹਨ। ਜਿਸ ਕਾਰਨ ਮੁਸ਼ਕਿਲ ਪੇਸ਼ ਆਉਂਦੀ ਹੈ। ਡਿਪਟੀ ਕਮਿਸ਼ਨਰ ਨੇ ਮੌਕੇ ਤੇ ਹੀ ਕਾਰਜਸਾਧਕ ਅਫ਼ਸਰ ਨੂੰ ਹਦਾਇਤਾਂ ਦਿੱਤੀਆਂ ਕਿ ਇਹਨਾਂ ਨੂੰ ਕਿਸੇ ਹੋਰ ਢੁੱਕਵੀਆਂ ਥਾਵਾਂ ਤੇ ਬਣਾਇਆ ਜਾਵੇ। ਪੱਤਰਕਾਰਾਂ ਵੱਲੋਂ ਡੰਪਿੰਗ ਗਰਾਂਉਡ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸ਼ਨ ਨੇ ਡੇਰਾਬਸੀ ਸਬ -ਡਵੀਜ਼ਨ ਦੇ ਪਿੰਡ ਸਮਗੋਲੀ ਵਿਖੇ ਸੋਲਿਡ ਵੇਸਟ ਮੈਨੇਜਮੈਂਟ ਪ੍ਰੋਜੈਕਟ ਲਗਾਉਣ ਲਈ ਜਗ੍ਹਾ ਦੀ ਸਨਾਖਤ ਕਰਕੇ ਪੰਜਾਬ ਸਰਕਾਰ ਨੂੰ ਭੇਜੀ ਗਈ ਹੈ। ਵਧੀਕ ਡਿਪਟੀ ਕਮਿਸ਼ਨਰ ਸ੍ਰੀ ਮਹਿੰਦਰ ਸਿੰਘ ਕੈਂਥ ਨੇ ਦੱਸਿਆ ਕਿ ਸਮਗੋਲੀ ਵਿਖੇ 50 ਏਕੜ ਦੇ ਕਰੀਬ ਜਗ੍ਹਾ ਦੀ ਸਨਾਖਤ ਕੀਤੀ ਗਈ ਹੈ। ਜਿੱਥੇ ਕਿ ਜ਼ਿਲ੍ਹੇ ਵਿੱਚ ਪੈਂਦੀਆਂ ਨਗਰ ਕੌਂਸਲਾਂ

ਪਿੰਡ ਸਮਗੋਲੀ ਵਿਖੇ ਸੋਲਿਡ ਵੇਸਟ ਮੈਨੇਜਮੈਂਟ ਤਹਿਤ ਪ੍ਰੋਜੈਕਟ ਲਗਾਉਣ ਦੀ ਤਜਵੀਜ਼

ਸ਼ਹਿਰਾਂ ਦਾ ਕੂੜਾ ਕਰਕਟ ਇਕੱਠਾ ਕਰਕੇ ਉੱਥੇ ਭੇਜਿਆ ਜਾਵੇਗਾ। ਜਿਸ ਤੋਂ ਬਿਜਲੀ ਪੈਦਾ ਕੀਤੀ ਜਾਵੇਗੀ ਇਸ ਤੋਂ ਇਲਾਵਾ ਸਾਰੀਆਂ ਨਗਰ ਕੌਂਸਲਾਂ ਵਿੱਚ ਕੂੜਾ ਕਰਕਟ ਲਈ ਸਬ ਕੁਲੈਕਸ਼ਨ ਪੁਆਇੰਟ ਵੀ ਬਣਾਏ ਜਾਣਗੇ। ਪੱਤਰਕਾਰਾਂ ਵੱਲੋਂ ਅਵਾਰਾ ਪਸ਼ੂਆਂ ਸਬੰਧੀ ਪੁੱਛੇ ਸਵਾਲ ਦੇ ਜਵਾਬ ਵਿੱਚ ਉਹਨਾਂ ਦੱਸਿਆ ਕਿ ਮੋਹਾਲੀ ਸ਼ਹਿਰ ਨੇੜੇ 7 ਏਕੜ ਵਿੱਚ ਗਊਸ਼ਾਲਾ ਬਣਾਉਣ ਦੀ ਤਜ਼ਵੀਜ ਹੈ ਇਸ ਸਬੰਧੀ ਈ.ਓ., ਨਗਰ ਕੌਂਸਲਰ ਐਸ.ਏ.ਐਸ.ਨਗਰ ਅਤੇ ਜ਼ਿਲ੍ਹਾ ਵਿਕਾਸ ਪੰਚਾਇਤ ਅਫ਼ਸਰਾਂ ਨੂੰ 15 ਦਿਨਾਂ ਦੇ ਅੰਦਰ -ਅੰਦਰ ਥਾਂ ਦੀ ਸਨਾਖਤ ਕਰਨ ਦੀ ਹਦਾਇਤ ਕੀਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਪਿੰਡ ਮੋਟੇਮਾਜਰਾ ਵਿਖੇ ਪੰਛੀਆਂ ਦੀ ਰੱਖ ਬਣਾਉਣ ਦੀ ਵੀ ਤਜਵੀਜ਼ ਹੈ ਅਤੇ ਇਸ ਥਾਂ ਨੂੰ ਸੈਰ ਸਪਾਟੇ ਵੱਜੋਂ ਵਿਕਸਿਤ ਕੀਤਾ ਜਾਵੇਗਾ।

ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਦੁਨੀਆਂ ਦੇ ਕੋਨੇ-ਕੋਨੇ ਤੱਕ ਪਹੁੰਚਾਉਣ ਲਈ ਯਤਨ ਕਰ ਰਹੇ ਭਾਈ ਕਰਮ ਸਿੰਘ

ਜਲੰਧਰ, 9 ਸਤੰਬਰ (ਪੱਤਰ ਪ੍ਰੇਰਕ)-ਭਾਈ ਕਰਮ ਸਿੰਘ ਤਲਵਾਲ ਜੋ ਕਿ ਸਿੰਘ ਹਾਊਸ ਯੂ.ਐਸ.ਏ. ਦੇ ਚੇਅਰਮੈਨ ਹਨ ਪਿਛਲੇ ਦਿਨੀਂ ਵਿਦੇਸ਼ਾਂ ਤੋਂ ਪਰਤੇ ਹਨ। ਉਹ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਦੁਨੀਆਂ ਦੇ ਕੋਨੇ ਕੋਨੇ ਤੱਕ ਪਹੁੰਚਾਉਣ ਲਈ ਯਤਨ ਕਰ ਰਹੇ ਹਨ। ਆਪਣੀ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਫੇਰੀ ਬਾਰੇ ਉਨ੍ਹਾਂ ਦੱਸਿਆ ਕਿ ਸਿੱਖ ਹਾਊਸ ਵੱਲੋਂ ਮਿੱਥੇ ਗਏ ਨਿਸ਼ਾਨਿਆਂ ਨੂੰ ਪੂਰਾ ਕਰਨ ਲਈ ਸੰਗਤਾਂ ਨੇ ਸਹਿਯੋਗ ਦੇਣ ਦਾ ਬਚਨ ਕੀਤਾ ਹੈ। ਭਾਈ ਸਾਹਿਬ ਜੋ ਕਿ ਸਿੱਖਾਂ ਦੀ ਕਾਇਆ ਕਲਪ ਲਈ ਤੱਤਪਰ ਹਨ, ਦਾ ਕਹਿਣਾ ਹੈ ਕਿ ਸਿੱਖ ਭਰਾਵਾਂ, ਸਿੱਖ ਜਥੇਬੰਦੀਆਂ, ਸੰਪਰਦਾਵਾਂ, ਟਕਸਾਲਾਂ, ਸੇਵਾ ਸੋਸਾਇਟੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਹਾਊਸ ਨਾਲ ਸਹਿਯੋਗ ਕਰਨ। ਅਸੀਂ ਅਜਿਹੇ ਪ੍ਰਚਾਰ ਪ੍ਰੋਗਰਾਮ ਬਣਾਏ ਹੋਏ ਹਨ ਜਿਸ ਨਾਲ ਅਸੀਂ ਕੁਝ ਸਾਲਾਂ ਵਿਚ ਪਤਿਤਪੁਣੇ 'ਤੇ ਕਾਬੂ ਪਾ ਸਕਦੇ ਹਾਂ। ਜਿਸ ਨਾਲ 50 ਫੀਸਦੀ ਪਤਿਤਪੁਣਾ ਘੱਟ ਸਕਦਾ ਹੈ। ਸਿੱਖ ਹਾਊਸ ਵੱਲੋਂ ਜੋ ਲੋੜਵੰਦ ਗੁਰਸਿੱਖ ਪਰਿਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਲਈ ਮਾਇਕ ਸਹਾਇਤਾ ਕੀਤੀ ਜਾ ਰਹੀ ਹੈ, ਉਉ ਦੀ ਦੇਸ਼ ਵਿਦੇਸ਼ ਦੀਆਂ ਸੰਗਤਾਂ ਵੱਲੋਂ ਸ਼ਲਾਘਾ ਕੀਤੀ ਗਈ ਹੈ। ਵਰਨਣਯੋਗ ਹੈ ਕਿ ਸਿੱਖ ਹਾਊਸ ਵੱਲੋਂ ਮਿਲ ਕੇ ਪੰਜ ਸਾਲਾਂ ਤੋਂ ਇਹ ਮੱਦਦ ਕੀਤੀ ਜਾ ਰਹੀ ਹੈ। ਜਿਸ ਤਹਿਤ ਲੱਗਭੱਗ 65 ਦੇ ਕਰੀਬ ਲੋੜਵੰਦ ਬੱਚਿਆਂ ਦੀ ਸਹਾਇਤਾ ਕੀਤੀ ਗਈ ਹੈ ਜਿਨ੍ਹਾਂ ਵਿਚ ਕੁਝ 10ਵੀਂ ਕਲਾਸ ਦੇ ਬੱਚੇ, ਕੁਝ ਬੀ.ਏ. ਅਤੇ ਐਮ.ਏ. ਦੀਆਂ ਲੜਕੀਆਂ ਅਤੇ ਇੱਕ ਬੀ.ਐਸ.ਸੀ ਨਰਸਿੰਗ ਸ਼ਾਮਿਲ ਹਨ। 'ਦਿ ਸਿੱਖ ਹਾਊਸ' ਵੱਲੋਂ ਪਿਛਲੇ ਸਾਲ ਪਿੰਡਾਂ ਵਿੱਚ ਗੁਰਮਤਿ ਕੈਂਪ ਵੀ ਲਗਾਏ ਗਏ ਅਤੇ ਗਤਕਾ ਮੁਕਾਬਲੇ ਵੀ ਕਰਵਾਏ ਗਏ ਹਨ ਅਤੇ ਗਤਕਾ ਖਿਡਾਰੀਆਂ ਨੂੰ ਨਕਦ ਰਾਸ਼ੀ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਇਹ ਯਤਨ ਅੱਗੋਂ ਵੀ ਜਾਰੀ ਰੱਖੇ ਜਾਣਗੇ ਤਾਂ ਕਿ ਸਾਡੇ ਨੌਜਵਾਨ ਪਤਿਤਪੁਣੇ ਤੇ ਨਸ਼ਿਆਂ ਤੋਂ ਦੂਰ ਹੋ ਸਕਣ। ਸਿੱਖੀ ਦੇ ਪ੍ਰਚਾਰ ਲਈ ਪੰਜਾਬੀ ਤੇ ਹੋਰ ਭਾਸ਼ਾਵਾਂ ਵਿਚ ਲਿਟਰੇਚਰ ਵੀ ਛਾਪ ਕੇ ਵੰਡੇ ਜਾਣਗੇ ਤਾਂਕਿ ਦੂਜੇ ਧਰਮਾਂ ਦੇ ਲੋਕਾਂ ਨੂੰ ਸਿੱਖੀ ਪ੍ਰਤੀ ਜਾਣਕਾਰੀ ਹੋ ਸਕੇ। ਭਾਈ ਕਰਮ ਸਿੰਘ ਦਾ ਕਹਿਣਾ ਹੈ ਕਿ ਸਾਨੂੰ ਆਉਣ ਵਾਲੇ 15 ਸਾਲਾਂ ਲਈ ਗੁਰਦੁਆਰਿਆਂ ਵਿੱਚ ਸੰਗਮਰਮਰ ਤੇ ਸੋਨੇ ਦੇ ਕਲਸ਼ ਲਗਾਉਣੇ ਬੰਦ ਕਰ ਦੇਣੇ ਚਾਹੀਦੇ ਹਨ ਅਤੇ ਇਸ ਕੰਮ ਤੋਂ ਬਚਿਆ ਹੋਇਆ ਧੰਨ ਗੁਰਸਿੱਖਾਂ ਦੇ ਭਲਾਈ ਕਾਰਜਾਂ 'ਤੇ ਲਗਾਉਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ 'ਦਿੱ ਸਿੱਖ ਹਾਊਸ' ਵੱਲੋਂ ਜਲਦੀ ਹੀ ਸਿੱਖੀ ਦੇ ਪ੍ਰਚਾਰ ਲਈ ਜ਼ੋਰਦਾਰ ਲਹਿਰ ਚਲਾਈ ਜਾਵੇਗੀ, ਜਿਸ ਲਈ ਸਮੂਹ ਪੰਥਕ ਹਿਤੈਸ਼ੀ ਜਥੇਬੰਦੀਆਂ ਸਹਿਯੋਗ ਦੇਣ।

ਸਿੱਖ ਸੰਗਤ ਵੱਲੋਂ ਡੇਰਾ ਸਿਰਸਾ ਦੀ 25 ਮੈਂਬਰੀ ਕਮੇਟੀ ਨੂੰ ਚੁਣੌਤੀ

ਤਲਵੰਡੀ ਸਾਬੋ, 9 ਸਤੰਬਰ (ਰਣਜੀਤ ਸਿੰਘ ਰਾਜੂ)- ਪਾਖੰਡੀ ਗੁਰੂ ਨਾਂ ਦੀ ਸੀ.ਡੀ.ਰਿਲੀਜ਼ ਹੋਣ ਤੋਂ ਬਾਅਦ ਡੇਰਾ ਸਿਰਸਾ ਅਤੇ ਸਿੱਖ ਸੰਗਤ ਵਿਚਕਾਰ ਪੈਦਾ ਹੋਇਆ ਵਿਵਾਦ ਰੁਕਣ ਦਾ ਨਾਂ ਨਹੀਂ ਲੈ ਰਿਹਾ। ਬੀਤੇ ਦਿਨੀਂ ਡੇਰਾ ਸਿਰਸਾ ਦੀ 25 ਮੈਂਬਰੀ ਕਮੇਟੀ ਵੱਲੋਂ ਉੱਘੇ ਸਿੱਖ ਪ੍ਰਚਾਰਕ ਸੰਤ ਬਾਬਾ ਬਲਜੀਤ ਸਿੰਘ ਦਾਦੂ ਸਾਹਿਬ ਵਾਲਿਆਂ ਦੇ ਦੀਵਾਨ ਨਾ ਲੱਗਣ ਦੇਣ ਦੀ ਧਮਕੀ ਤੋਂ ਬਾਅਦ ਅੱਜ ਕਲਗੀਧਰ ਨਿਰਵੈਰ ਖਾਲਸਾ ਜਥੇਬੰਦੀ ਦੇ ਆਗੂਆਂ ਭਾਈ ਬਿੱਕਰ ਸਿੰਘ ਖ਼ਾਲਸਾ, ਭੁਪਿੰਦਰ ਸਿੰਘ ਕਥਾਵਾਚਕ, ਬਲਵਿੰਦਰ ਸਿੰਘ, ਜੋਰਾ ਸਿੰਘ, ਸੁਖਦੇਵ ਸਿੰਘ, ਹਰਜੀਤ ਸਿੰਘ ਵਾਸੀਅਨ ਮਲਕਾਣਾ, ਗੁਰਬਚਨ ਸਿੰਘ, ਸਿਕੰਦਰ ਸਿੰਘ, ਬਾਵਾ ਸਿੰਘ ਵਾਸੀ ਪਿੰਡ ਜੱਜਲ, ਸੁਖਦੇਵ ਸਿੰਘ ਕਿੰਗਰਾ ਤਲਵੰਡੀ ਸਾਬੋ ਨੇ ਹਲਫੀਆ ਬਿਆਨ ਰਾਹੀਂ ਡੇਰਾ ਸਿਰਸਾ ਦੀ 25 ਮੈਂਬਰੀ ਕਮੇਟੀ ਨੂੰ ਚੈਲੰਜ ਕੀਤਾ ਹੈ। ਆਗੂਆਂ ਨੇ ਚੁਣੌਤੀ ਦਿੰਦਿਆਂ ਕਿਹਾ ਕਿ ਬੀਤੇ ਦਿਨੀਂ ਡੇਰਾ ਸਿਰਸਾ ਦੀ 25 ਮੈਂਬਰੀ ਕਮੇਟੀ ਨੇ ਕੁਝ ਅਖ਼ਬਾਰਾਂ ਵਿਚ ਬਿਆਨ ਦੇ ਕੇ ਕਿਹਾ ਸੀ ਕਿ ਉਹ ਬਾਬਾ ਦਾਦੂਵਾਲ ਦੇ ਦੀਵਾਨ ਨਹੀਂ ਲੱਗਣ ਦੇਣਗੇ ਪ੍ਰੰਤੂ ਅਸੀਂ ਚੁਣੌਤੀ ਦਿੰਦੇ ਹਾਂ ਕਿ ਡੇਰੇ ਦੀ ਕਮੇਟੀ ਵਾਲੇ ਸਥਾਨ ਅਤੇ ਜਗ੍ਹਾ ਦੱਸਣ ਸੀਂ ਉਸੇ ਜਗ੍ਹਾ ਬਾਬਾ ਦਾਦੂਵਾਲਿਆਂ ਦੇ ਦੀਵਾਨ ਲਾਵਾਂਗੇ ਤੇ ਗੁਰਬਾਣੀ ਕੀਰਤਨ ਕਰਾਂਗੇ। ਕਲਗੀਧਰ ਨਿਰਵੈਰ ਖਾਲਸਾ ਦੇ ਆਗੂਆਂ ਨੇ ਡੇਰਾ ਕਮੇਟੀ ਦੇ ਅਜਿਹੇ ਬਿਆਨਾਂ ਦੀ ਕਰੜੇ ਸ਼ਬਦਾਂ ਵਿਚ ਨਿੰਦਾ ਕੀਤੀ ਹੈ।

ਪੰਜਾਬ ਪੱਧਰੀ ਪ੍ਰਤੀਯੋਗਤਾ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਸਮੇਂ ਸਕੂਲ ਦੇ ਡਾਇਰੈਕਟਰ ਸ੍ਰੀ ਭੂਸ਼ਨ ਗੁਪਤਾ ਮਹਾਰਾਜ ਮੁਨੀ ਤੇ ਸਮੂਹ ਸਕੂਲ ਸਟਾਫ।

ਗਰੀਨ ਵੈਲੀ ਪਬਲਿਕ ਸਕੂਲ ਦੇ ਬੱਚਿਆਂ ਪੰਜਾਬ ਪੱਧਰੀ ਅਨੂਵਰਤ ਗੀਤ ਨੈਤਿਕ ਗਾਇਨ ਪ੍ਰਤੀਯੋਗਤਾ ਵਿਚ ਜਿੱਤਿਆ ਪਹਿਲਾ ਸਥਾਨ

ਅਹਿਮਦਗੜ੍ਹ, 9 ਸਤੰਬਰ (ਦੇਸ਼ ਰਾਜ ਸ਼ਰਮਾ)- ਸੰਗਰੂਰ ਵਿਖੇ ਪੰਜਾਬ ਪੱਧ੍ਰਦੀ ਅਨੂਵਰਤਗੀਤ ਨੈਤਿਕ ਗਾਇਨ ਪ੍ਰਤੀਯੋਗਤਾ ਕਰਵਾਈ ਗਈ। ਇਹ ਪ੍ਰਤੀਯੋਗਤਾ ਸ੍ਰੀ ਅਦਿੱਤਿਆ ਮੁਨੀ ਜੀ ਤੇ ਵਿਜੈ ਮੁਨੀ ਜੀ ਦੇ ਅਸ਼ੀਰਵਾਦ ਨਾਲ ਕਰਵਾਈ ਗਈ। ਇਸ ਪੰਜਾਬ ਪੱਧਰੀ ਪ੍ਰਤੀਯੋਗਤਾ ਵਿਚ ਸਾਰੇ ਹੀ ਪੰਜਾਬ ਤੋਂ ਬੱਚਿਆਂ ਨੇ ਭਾਗ ਲਿਆ। ਸਥਾਨਕ ਗਰੀਨ ਵੈਲੀ ਸਕੂਲ ਦੇ 17 ਬੱਚਿਆਂ ਨੇ ਆਪਣੇ ਟੀਚਰਾਂ ਨਾਲ ਭਾਗ ਲਿਆ। ਇਸ ਪੰਜਾਬ ਪੱਧਰੀ ਪ੍ਰਤੀਯੋਗਤਾ ਵਿਚੋਂ ਗਰੀਨ ਵੈਲੀ ਪਬਲਿਕ ਸਕੂਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਪ੍ਰਾਪਤੀ ਲਈ ਸਕੂਲ ਦੇ ਪ੍ਰਧਾਨ ਅਤੇ ਡਾਇਰੈਕਟਰ ਸ੍ਰੀ ਯਸ਼ ਭੂਸ਼ਨ ਗੁਪਤਾ ਵੱਲੋਂ ਬੱਚਿਆਂ ਤੇ ਟੀਚਰਾਂ ਨੂੰ ਵਧਾਈ ਦਿੱਤੀ ਗਈ।

ਸ਼ਾਹਕੋਟ ਦਾਨਾ ਮੰਡੀ ਵਿਚ ਲਗਾਏ ਵਿਸ਼ਾਲ ਭੰਡਾਰੇ ਦੌਰਾਨ ਬਾਬਾ ਵਾਸਦੇਵ ਮਹਿਤਾ ਜੀ ਤੇ ਆਸ਼ੀਰਵਾਦ ਪ੍ਰਾਪਤ ਕਰਦੀ ਸੰਗਤ। ਤਸਵੀਰ: ਸੋਨੂੰ ਮਿੱਤਲ

32ਵਾਂ ਸਾਲਾਨਾ ਭੰਡਾਰਾ ਸ਼ਰਧਾਪੂਰਵਕ ਸੰਪੰਨ

ਸ਼ਾਹਕੋਟ, 9 ਸਤੰਬਰ (ਸੋਨੂੰ ਮਿੱਤਲ)- ਹਾਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪ੍ਰਸਿੱਧ ਸਮਾਜ ਸੇਵਕ ਬਾਬਾ ਵਾਸਦੇਵ ਮਹਿਤਾ ਜੀ ਵੱਲੋਂ 32ਵਾਂ ਸਾਲਾਨਾ ਵਿਸ਼ਾਲ ਭੰਡਾਰਾ ਦਾਨਾ ਮੰਡੀ ਵਿਖੇ ਲਗਾਇਆ ਗਿਆ। ਅੱਜ ਸਵੇਰ ਤੋਂ ਹੀ ਦਾਨਾ ਮੰਡੀ ਸ਼ਾਹਕੋਟ ਵਿਖੇ ਪੰਜਾਬ ਅਤੇ ਬਾਹਰਲੇ ਸੂਬਿਆਂ ਤੋਂ ਵੱਡੀ ਗਿਣਤੀ ਵਿਚ ਸੰਗਤ ਆਉਣੀ ਸ਼ੁਰੂ ਹੋ ਗਈ। ਇਸ ਮੌਕੇ ਆਈ ਸੰਗਤ ਨੇ ਸਭ ਤੋਂ ਪਹਿਲਾਂ ਬਾਬਾ ਜੀ ਦੇ ਮੱਥਾ ਟੇਕ ਕੇ ਆਸ਼ੀਰਵਾਦ ਪ੍ਰਾਪਤ ਕੀਤਾ ਉਪਰੰਤ ਲੰਗਰ ਦੀ ਤਿਆਰੀ ਆਰੰਭ ਕੀਤੀ ਗਈ। ਸੈਕੜਿਆਂ ਦੀ ਗਿਣਤੀ ਵਿਚ ਸੰਗਤ ਵੱਲੋਂ ਤਿਆਰ ਕੀਤਾ ਲੰਗਰ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੀ ਸੰਗਤ ਨੇ ਪ੍ਰਸ਼ਾਦ ਦੇ ਰੂਪ ਵਿਚ ਖਾਧਾ। ਇਸ ਮੌਕੇ ਬਾਬਾ ਵਾਸਦੇਵ ਮਹਿਤਾ ਜੀ ਪਾਸ ਸਾਬਕਾ ਗ੍ਰਹਿ ਮੰਤਰੀ ਪੰਜਾਬ ਬ੍ਰਿਜ ਭੁਪਿੰਦਰ ਸਿੰਘ ਕੰਗ ਲਾਲੀ, ਸਵ: ਮਰਹੂਮ ਬਲਵੰਤ ਸਿੰਘ ਖਜ਼ਾਨਾ ਮੰਤਰੀ ਪੰਜਾਬ ਦੇ ਸਪੁੱਤਰ ਰਾਜਨਵੀਰ ਸਿੰਘ, ਸਵ: ਮਰਹੂਮ ਦਰਬਾਰਾ ਸਿੰਘ ਗਵਰਨਰ ਰਾਜਸਥਾਨ ਦੇ ਭਤੀਜੇ ਹਰਦੇਵ ਸਿੰਘ ਲਾਡੀ, ਕਮਲ ਨਾਹਰ, ਬੋਬੀ ਗਰੋਵਰ, ਪਵਨਪੁਰੀ ਪ੍ਰਧਾਨ ਨਗਰ ਪੰਚਾਇਤ, ਅਮਨ ਮਲਹੋਤਰਾ ਕੌਂਸਲਰ, ਰਵਲੀਨ ਕਾਲੀਆ ਲੋਹੀਆਂ, ਸਾਧੂ ਸਿੰਘ ਬਜਾਜ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ, ਬਿਕਰਮਜੀਤ ਸਿੰਘ ਬਜਾਜ ਹੈਪੀ, ਤਿਲਕ ਰਾਜ ਮਹਿਤਾ, ਡਾ: ਅਰਵਿੰਦਰ ਸਿੰਘ ਰੂਪਰਾ ਸਾਬਕਾ ਕੌਂਸਲਰ, ਅਵਤਾਰ ਸਿੰਘ ਲੋਹੀਆਂ ਵੇਦ ਪ੍ਰਕਾਸ਼ ਸ਼ਰਮਾ ਦਿੱਲੀ, ਪਵਨ ਕੁਮਾਰ ਸਮਰਾਲਾ, ਸੋਨੂੰ ਖਾਲੜਾ ਅੰਮ੍ਰਿਤਸਰ, ਗਿੰਦਰ ਰਾਜਸਥਾਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤ ਨੇ ਪਹੁੰਜ ਕੇ ਆਸ਼ੀਰਵਾਦ ਪ੍ਰਾਪਤ ਕੀਤਾ।

ਮੱਸਿਆ 'ਤੇ ਹੋਇਆ 'ਸੰਪੂਰਨਤਾ ਦਿਵਸ ਸਮਾਗਮਾਂ' ਤੋਂ ਦੁੱਗਣਾ ਇਕੱਠ ?

ਤਲਵੰਡੀ ਸਾਬੋ, 9 ਸਤੰਬਰ (ਰਣਜੀਤ ਸਿੰਘ ਰਾਜੂ)— ਸਿੱਖ ਧਰਮ ਵਿਚ 'ਮੱਸਿਆ ਦਾ ਕੋਈ ਮਹੱਤਵ ਨਹੀਂ ਪ੍ਰੰਤੂ ਇਸ ਨੂੰ ਸਿੱਖੀ ਪ੍ਰਚਾਰ ਦੀ ਘਾਟ ਕਹਿ ਲਵੋ ਜਾਂ ਸਿੱਖ ਸੰਗਤ ਦੀ ਮਾਨਸਿਕਤਾ ਤੇ ਸਦੀਆਂ ਪੁਰਾਣੀ ਪਰੰਪਰਾ ਅਤੇ ਹਿੰਦੂਵਾਦੀ ਰਸਮਾਂ ਰਿਵਾਜਾਂ ਦੇ ਪ੍ਰਭਾਵ ਕਿ ਅੱਜ 'ਮੱਸਿਆ' ਦੇ ਮੌਕੇ ਤੇ ਹਜ਼ਾਰਾਂ ਲੋਕਾਂ ਨੇ ਸਥਾਨਕ 'ਤਖਤ ਸ੍ਰੀ ਦਮਦਮਾ ਸਾਹਿਬ' ਅਤੇ ਹੋਰਨਾਂ ਇਤਿਹਾਸਕ ਗੁਰਦੁਆਰਿਆਂ ਦੇ ਦਰਸ਼ਨ ਕੀਤੇ ਅਤੇ ਪਵਿੱਤਰ ਸਰੋਵਰਾਂ ਵਿਚ ਇਸ਼ਨਾਨ ਕੀਤੇ। ਇੱਥੇ ਦੱਸਣਾ ਬਣਦਾ ਹੈ ਕਿ 28,29,30 ਅਗਸਤ ਨੂੰ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 304ਵੇਂ ਸੰਪੂਰਨਤਾ ਦਿਵਸ ਸਮਾਗਮਾਂ ਮੌਕੇ ਪੂਰੇ ਪ੍ਰਚਾਰ ਪ੍ਰਸਾਰ ਦੇ ਬਾਵਜੂਦ ਮਸਾਂ ਸੈਂਕੜੇ ਲੋਕ ਹੀ ਇਨ੍ਹਾਂ ਸਮਾਗਮਾਂ ਵਿਚ ਸ਼ਿਰਕਤ ਕਰਨ ਪੁੱਜੇ ਸਨ। ਅੱਜ ਮੱਸਿਆ ਮੌਕੇ ਸਵੇਰ ਤੋਂ ਹੀ ਗੁਰਦੁਆਰਿਆਂ ਵਿਚ ਦਰਸ਼ਨਾਂ ਲਈ ਸ਼ਰਧਾਲੂਆਂ ਦਾ ਤਾਂਤਾ ਲੱਗਾ ਰਿਹਾ। ਇਸ ਮੌਕੇ ਵੱਡੀ ਗਿਣਤੀ ਬੀਬੀਆਂ ਪੁੱਜੀਆਂ ਹੋਈਆਂ ਸਨ। ਤਖਤ ਸਾਹਿਬ ਦੇ ਨੇੜਲੇ ਬਾਜ਼ਾਰਾਂ ਵਿਚ ਸਾਰਾ ਦਿਨ ਰੌਣਕਾਂ ਲੱਗੀਆਂ ਰਹੀਆਂ। ਜਦੋਂ ਮੱਸਿਆ ਮੌਕੇ ਇਸ਼ਨਾਨ ਕਰਨ ਆਏ ਇੱਕ ਬਜ਼ੁਰਗ ਅੰਮ੍ਰਿਤਧਾਰੀ ਤੋਂ ਅੱਜ ਇੰਨੀ ਵੱਡੀ ਗਿਣਤੀ ਵਿਚ ਸੰਗਤਾਂ ਦੇ ਇਕੱਠੇ ਹੋਣ ਬਾਰੇ ਪੁੱਛਿਆ ਤਾਂ ਉਸਨੇ ਕਿਹਾ ਕਿ ਅੱਜ ਕੁਸ਼ਾਪਟਨੀ ਮੱਸਿਆ ਹੈ ਪ੍ਰੰਤੂ ਉਹ ਮੱਸਿਆ ਦੇ ਸਿੱਖ ਇਤਿਹਾਸ ਵਿਚ ਮਹੱਤਵ ਜਾਂ ਕੁਸ਼ਾਪਟਨੀ ਮੱਸਿਆ ਦੇ ਅਰਥ ਨਾ ਸਮਝਾ ਸਕਿਆ। ਆਪਣੇ ਗੁਰੂ 'ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦੇ ਸੰਪੂਰਨਤਾ ਸਮਾਗਮਾਂ ਵਿਚ ਸ਼ਿਰਕਤ ਨਾ ਕਰਕੇ 'ਮੱਸਿਆ' ਮੌਕੇ ਵੱਡੀ ਗਿਣਤੀ ਵਿਚ ਪਹੁੰਚਕੇ ਸਿੱਖ ਸੰਗਤਾਂ ਨੇ ਸਾਬਿਤ ਕਰ ਦਿੱਤਾ ਹੈ ਕਿ ਅੱਜ ਵੀ ਸਿੱਖਾਂ ਤੇ ਹਿੰਦੂ ਤਿੱਥ ਤਿਉਹਾਰਾਂ ਦਾ ਪ੍ਰਭਾਵ ਜ਼ਿਆਦਾ ਹੈ।

ਮਿੰਨੀ ਬੱਸ ਓਪਰੇਟਰਾਂ ਨੂੰ ਕੀਤਾ ਜਾ ਰਿਹਾ ਪ੍ਰੇਸ਼ਾਨ

ਬਠਿੰਡਾ, 9 ਸਤੰਬਰ (ਬਸੰਤ ਸਿੰਘ ਅਗਰੋਈਆ)-ਮੁਨਾਫ਼ੇ ਵਾਲਾ ਧੰਦਾ ਨਾ ਰਹਿਣ ਦੇ ਬਾਵਜੂਦ ਮਿੰਨੀ ਬੱਸਾਂ ਦੇ ਕਾਰੋਬਾਰ ਨੂੰ ਜਿਉਂਦਾ ਰੱਖਣ ਲਈ ਯਤਨਸ਼ੀਲ ਓਪਰੇਟਰਾਂ ਨੂੰ ਅਫ਼ਸਰਸ਼ਾਹੀ ਵੱਲੋਂ ਜਲੀਲ ਕੀਤਾ ਜਾ ਰਿਹਾ ਹੈ, ਇਹ ਦੋਸ਼ ਇੱਥੇ ਮੀਟਿੰਗ ਲਈ ਪਹੁੰਚੇ ਓਪਰੇਟਰਾਂ ਨੇ ਲਾਇਆ। ਮਿੰਨੀ ਬੱਸ ਓਪਰੇਟਰਾਂ ਨੇ ਦੱਸਿਆ ਕਿ ਰੂਟ ਦੇ ਵਾਧੇ ਅਤੇ ਰਸਤਾ ਬਦਲੀ ਭਾਵ ਐਕਸਟੈਂਸਨ ਤੇ ਡਿਵਰਸਨ ਲਈ 25 ਅਗਸਤ 2010 ਰਿਜਨਲ ਟਰਾਂਸਪੋਰਟ ਅਥਾਰਟੀ ਬਠਿੰਡਾ ਦੇ ਦਫ਼ਤਰ ਵਿਖੇ ਮੀਟਿੰਗ ਬੁਲਾਈ ਗਈ ਸੀ, ਜਦ ਓਪਰੇਟਰ ਦਫ਼ਤਰ ਪਹੁੰਚ ਗਏ ਤਾਂ ਮੀਟਿੰਗ ਨੂੰ ਮੁਲਤਵੀ ਕਰਕੇ 9 ਸਤੰਬਰ 2010 ਦੀ ਰੱਖ ਦਿੱਤੀ ਗਈ। ਅੱਜ ਵੀ ਵੱਡੀ ਗਿਣਤੀ ਵਿੱਚ ਇਸ ਦਫ਼ਤਰ ਵਿਖੇ ਮੁੜ ਓਪਰੇਟਰ ਪਹੁੰਚੇ, ਕਿਉਕਿ ਅਜਿਹੇ 120 ਕੇਸ ਲੱਗੇ ਹੋਏ ਸਨ। ਅੱਜ ਜਦ ਓਪਰੇਟਰ ਦਿੱਤੇ ਸਮੇਂ ਤੇ ਦਫ਼ਤਰ ਪਹੁੰਚੇ ਤਾਂ ਦਰਵਾਜੇ ਉਪਰ ਬਿਨਾਂ ਕਿਸੇ ਅਫਸਰ ਦੇ ਦਸਖਤਾਂ ਤੋਂ ਇੱਕ ਨੋਟਿਸ ਲੱਗਾ ਹੋਇਆ ਦੇਖਿਆ ਜਿਸ ਉਪਰ ਇਸ ਮੀਟਿੰਗ ਨੂੰ ਮੁਲਤਵੀ ਕਰਦਿਆਂ ਜਾਣਕਾਰੀ ਦਿੱਤੀ ਹੋਈ ਸੀ ਕਿ ਇਹ ਮੀਟਿੰਗ 22 ਸਤੰਬਰ ਨੂੰ ਅਸਿਸਟੈਂਟ ਸਟੇਟ ਟਰਾਂਸਪੋਰਟ ਕਮਿਸਨਰ ਦੇ ਚੰਡੀਗੜ੍ਹ ਸਥਿਤ ਦਫ਼ਤਰ ਵਿਖੇ ਹੋਵੇਗੀ। ਨੋਟਿਸ ਵਿੱਚ ਮੀਟਿੰਗ ਨੂੰ ਰੱਦ ਕਰਨ ਦਾ ਕੋਈ ਕਾਰਨ ਵੀ ਨਹੀਂ ਦੱਸਿਆ ਗਿਆ। ਨਿਰਾਸ਼ ਹੋ ਕੇ ਮੁੜ ਰਹੇ ਓਪਰੇਟਰਾਂ ਨੇ ਦੱਸਿਆ ਮਿੰਨੀ ਬੱਸਾਂ ਦਾ ਧੰਦਾ ਹੁਣ ਬਹੁਤਾ ਮੁਨਾਫ਼ੇ ਵਾਲਾ ਨਹੀਂ ਰਿਹਾ, ਦੂਜੇ ਪਾਸੇ ਅਫ਼ਸਰਸ਼ਾਹੀ ਜਾਣਬੁੱਝ ਕੇ ਉਹਨਾਂ ਨੂੰ ਪਰੇਸ਼ਾਨ ਕਰ ਰਹੀ ਹੈ ਅਤੇ ਮੀਟਿੰਗਾਂ ਵਿੱਚ ਉਹਨਾਂ ਦਾ ਸਮਾਂ ਤੇ ਪੈਸਾ ਬਰਬਾਦ ਕਰਵਾ ਰਹੀ ਹੈ। ਪੱਖ ਅਤੇ ਮੀਟਿੰਗ ਰੱਦ ਕਰਨ ਦਾ ਕਾਰਨ ਜਾਣਨ ਲਈ ਵਾਰ ਵਾਰ ਆਰ ਟੀ ਏ ਬਠਿੰਡਾ ਦੇ ਮੋਬਾਇਲ ਨੰਬਰ 98141-00037 ਤੇ ਸੰਪਰਕ ਕਰਨਾ ਚਾਹਿਆ ਤਾਂ ਉਹਨਾਂ ਫੋਨ ਸੁਨਣਾ ਮੁਨਾਸਿਬ ਨਾ ਸਮਝਿਆ।

ਸਤਲੁਜ ਦਰਿਆ ਅੰਦਰ ਪਾਣੀ ਦੀ ਲਪੇਟ ਵਿਚ ਆਇਆ ਝੋਨਾ। ਤਸਵੀਰ: ਸੋਨੂੰ ਮਿੱਤਲ

ਦਰਿਆ ਵਿਚ ਵਧੇ ਪਾਣੀ ਨੇ ਲੋਕਾਂ ਦੇ ਸਾਹ ਸੁਕਾਏ

ਸ਼ਾਹਕੋਟ, 9 ਸਤੰਬਰ (ਸੋਨੂੰ ਮਿੱਤਲ)- ਸਤਲੁਜ ਦਰਿਆ ਵਿੱਚ ਇੱਕ ਵਾਰ ਫਿਰ ਪਾਣੀ ਦੀਆਂ ਲਹਿਰਾਂ ਦਰਿਆ ਅੰਦਰ ਲੱਗੇ ਝੋਨੇ ਵਿੱਚ ਆਉਣ ਨਾਲ ਕਿਸਾਨਾਂ ਦੇ ਚਿਹਰੇ ਇੱਕ ਵਾਰ ਮੁਰਝਾ ਗਏ ਹਨ ਕਿਉਂਕਿ ਬੀਤੀ ਰਾਤ ਭਾਖੜੇ ਤੋਂ ਛੱਡੇ ਪਾਣੀ ਦਾ ਅਸਰ ਸਵੇਰ ਤੱਕ ਨਜ਼ਰ ਆਉਣ ਲੱਗ ਪਿਆ ਅਤੇ ਦਰਿਆ ਅੰਦਰ ਲੱਗਾ ਝੋਨਾ ਉਸ ਦੀ ਲਪੇਟ ਵਿਚ ਆ ਗਿਆ। ਇਸ ਸਬੰਧੀ ਡਰੇਨ ਵਿਭਾਗ ਦੇ ਐਕਸੀਅਨ ਆਰ.ਐਲ. ਸੰਧੂ ਨਾਲ ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਭਾਖੜੇ ਤੋਂ 40 ਤੋਂ 42 ਹਜ਼ਾਰ ਕਿਉਸਕ ਪਾਣੀ ਛੱਡਿਆ ਗਿਆ ਸੀ ਜੋ ਵੱਖ-ਵੱਖ ਨਹਿਰਾਂ ਵਿੱਚ ਜਾਣ ਤੋਂ ਬਾਅਦ ਆਪਣੇ ਖੇਤਰ ਦੇ ਸਤਲੁਜ ਦਰਿਆ ਵਿਚ 20-25 ਹਜ਼ਾਰ ਕਿਉਸਕ ਆਇਆ ਅਤੇ ਅੱਜ ਫਿਰ ਪਾਣੀ ਹੋਰ ਨਹਿਰਾਂ 'ਚੋਂ ਹੁੰਦਾ ਹੋਇਆ ਇਸ ਪਾਸੇ ਸਤਲੁਜ ਵਿਚ 20 ਤੋਂ 25 ਹਜ਼ਾਰ ਹੀ ਕਿਉਸਕ ਆਵੇਗਾ। ਉਨ੍ਹਾਂ ਕਿਹਾ ਕਿਸੇ ਵੀ ਕਿਸਮ ਦਾ ਕੋਈ ਖਤਰਾ ਨਹੀਂ ਹੈ ਸਾਡੇ ਵੱਲੋਂ ਸਾਰੀ ਰਿਪੇਅਰ ਹੋ ਚੁੱਕੀ ਹੈ। ਅਗਰ ਮੌਕੇ 'ਤੇ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਸਾਡੇ ਪਾਸੇ ਉਸ ਨਾਲ ਨਿਪਟਣ ਲਈ ਹਰ ਪ੍ਰਬੰਧ ਕੀਤੇ ਹੋਏ ਹਨ।

20 ਵਰਕਰ ਪਾਰਟੀ ਛੱਡ ਜਨਤਾ ਦਲ (ਯੂ)' ਚ ਸ਼ਾਮਿਲ

ਗੜ੍ਹਸ਼ੰਕਰ 9 ਸਤੰਬਰ (ਰਮਨਦੀਪ ਸਿੰਘ ਅਰੋੜਾ)- ਪਾਰਟੀਆਂ ਦਾ ਮੁੱਖ ਕਾਰਜ ਇਹ ਹੁੰਦਾ ਹੈ ਕਿ ਆਪਣੇ ਵਰਕਰਾਂ ਦੇ ਹਿੱਤਾਂ ਵਿੱਚ ਉਨਾਂ ਨਾਲ ਮੋਢੇ ਨਾਲ ਮੋਢਾ ਲਾਕੇ ਖੜੇ ਤਾਂ ਜੋ ਉਨਾਂ ਦਾ ਭਰੋਸਾ ਪਾਰਟੀ ਪ੍ਰਤੀ ਬਣਿਆ ਰਹੇ। ਉਕਤ ਵਿਚਾਰਾਂ ਦਾ ਪ੍ਰਗਟਾਵਾ ਜਨਤਾ ਦਲ ਯੂਨਾਈਟਡ ਵਲੋਂ ਬੁਲਾਈ ਮੀਟਿੰਗ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਪੰਜਾਬ ਦੇ ਵਾਈਸ ਪ੍ਰਧਾਨ ਸ. ਅਨੂਪ ਸਿੰਘ ਸਿੱਧੂ ਨੇ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਹੇ। ਉਨਾਂ ਅੱਗੇ ਕਿਹਾ ਕਿ ਪੰਜਾਬ ਵਿੱਚ ਰਿਸ਼ਵਤ ਖੋਰੀ, ਭ੍ਰਿਸ਼ਟਾਚਾਰ, ਮਹਿੰਗਾਈ ਅਤੇ ਲੁੱਟਾਂ ਖੋਹਾਂ ਦਾ ਬੋਲਵਾਲਾ ਹੈ। ਮੌਜੂਦਾ ਸਰਕਾਰ ਇਹਨਾਂ ਤੇ ਕਾਬੂ ਪਾਉਣ ਲਈ ਨਾਕਾਮ ਰਹੀ ਹੈ। ਪੰਜਾਬ ਦੀ ਨੌਜਵਾਨੀ ਬੇਰੁਜ਼ਗਾਰੀ ਕਾਰਨ ਨਸ਼ਿਆਂ ਵਿੱਚ ਗਲਤਾਨ ਹੋ ਰਹੀ ਹੈ। ਜਨਤਾ ਦਲ ਯੂਨਾਈਟਡ ਪੰਜਾਬ ਵਿੱਚ ਸਾਫ਼ ਸੁਥਰਾ ਤੇ ਖ਼ੁਸ਼ਹਾਲ ਮਾਹੌਲ ਚਾਹੁੰਦੀ ਹੈ। ਇਸ ਮੌਕੇ ਵੱਖ-ਵੱਖ ਪਾਰਟੀਆਂ ਤੋਂ ਦੁੱਖੀ ਹੋ ਕੇ 20 ਵਰਕਰਾਂ ਨੇ ਪਾਰਟੀ ਵਿੱਚ ਸ਼ਮੂਲੀਅਤ ਕੀਤੀ। ਇਸ ਮੌਕੇ ਸ. ਬਲਦੇਵ ਸਿੰਘ ਘਈ ਚੇਅਰਮੈਨ ਐਸ.ਸੀ.ਬੀ.ਸੀ. ਸੈਲ ਪੰਜਾਬ, ਦਿਲਬਾਗ ਸਿੰਘ ਨੂਰਪੁਰੀ, ਜ਼ਿਲਾ ਪ੍ਰਧਾਨ, ਜੈ ਪਾਲ ਮੰਡਲ ਪ੍ਰਧਾਨ ਬਹਿਰਾਮ, ਪਰਮਜੀਤ ਕੌਰ ਮੰਡਲ ਪ੍ਰਧਾਨ ਗੜ੍ਹਸ਼ੰਕਰ ਆਦਿ ਦੀ ਹਾਜ਼ਰੀ ਵਿੱਚ ਜੋਗਿੰਦਰ ਪਾਲ ਜੱਸੋਮਜਾਰਾ, ਹੁਸਨ ਲਾਲ ਚੱਕ ਮਾਈ ਦਾਸ, ਗੁਰਮੇਲ ਸਿੰਘ ਚੱਕ ਮਾਈ ਦਾਸ, ਸੁੱਖਵਿੰਦਰ ਸਿੰਘ ਜੱਸੋਮਜਾਰਾ, ਚਮਨ ਲਾਲ ਚੱਕ ਮਾਈ ਦਾਸ, ਗੁਰਤੇਜ ਰਾਮਾ ਮੰਡੀ, ਅੰਮ੍ਰਿਤਪਾਲ, ਕਮਲਜੀਤ ਕੌਰ ਜੱਸੋਮਜਾਰਾ, ਹਰਦੀਪ ਸਿੰਘ, ਗਗਨਦੀਪ ਸਿੰਘ, ਅਨਿਲ ਕੁਮਾਰ ਜੱਸੋਮਜਾਰਾ, ਰਘਵੀਰ ਸਿੰਘ ਚੱਕ ਮਾਈ ਦਾਸ, ਦੌਲਤ ਰਾਮ ਬੰਗਾ, ਪਰਮਜੀਤ ਤਲਵੰਡੀ ਜੱਟਾਂ, ਮੇਜਰ ਸਿੰਘ ਫਰਾਲਾ, ਬਲਵੀਰ ਕੁਮਾਰ ਬੰਗਾ, ਸੁਖਦੇਵ ਦਾਸ, ਹੀਰਾ ਲਾਲ ਅਤੇ ਵਿਜੈ ਕੁਮਾਰ ਜੱਸੋਮਜਾਰਾ ਆਦਿ ਨੇ ਆਪਣੀ ਆਪਣੀ ਪਹਿਲੀ ਪਾਰਟੀ ਛੱਡ ਕੇ ਜਨਤਾ ਦਲ ਯੂਨਾਈਟਡ ਵਿੱਚ ਸ਼ਾਮਿਲ ਹੋਏ ਹਨ।

ਕੇਂਦਰ ਤੇ ਸੂਬਾ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਖਿਲਾਫ਼ ਰੋਸ ਮਾਰਚ ਕੱਢਿਆ

ਬਾਬਾ ਬਕਾਲਾ, 9 ਸਤੰਬਰ (ਇਕਬਾਲ ਸਿੰਘ ਬੱਲ)- ਤਹਿਸੀਲ ਕੰਪਲੈਕਸ ਬਾਬਾ ਬਕਾਲਾ ਵਿਖੇ ਐਸ.ਟੀ.ਯੂ.ਆਈ. ਨਾਲ ਸੰਬੰਧਿਤ ਜਥੇਬੰਦੀਆਂ ਵੱਲੋਂ ਬੀਤੇ ਦਿਨੀਂ ਰੈਲੀ ਤੇ ਬਾਜ਼ਾਰਾਂ 'ਚ ਰੋਸ ਰੈਲੀ 'ਚ ਦਿਹਾਤੀ ਮਜਦੂਰ ਮੋਰਚਾ, ਲਾਲ ਝੰਡਾ ਭੱਠਾ ਵਰਕਰਜ਼ ਯੂਨੀਅਨ (ਸੀਟੂ) ਮੁਲਾਜ਼ਮ ਮੰਚ, ਕੁਲਹਿੰਦ ਖੇਤ ਮਜ਼ਦੂਰ ਯੂਨੀਅਨ, ਜੰਗਲਾਤ ਵਰਕਰਜ਼ ਯੂਨੀਅਨ, ਪੀ. ਡਬਲਿਊ.ਡੀ. ਮੁਲਾਜ਼ਮ ਮੰਚ, ਆਸ਼ਾ ਵਰਕਰਜ਼, ਯੂਨੀਅਨ ਜਨਵਾਦੀ ਇਸਤਰੀ ਸਭਾ ਤੇ ਅਧਿਆਪਕ ਏਕਤਾ ਵੱਲੋਂ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਤੇ ਮਹਿੰਗਾਈ ਦੇ ਮੁੱਦੇ ਨੂੰ ਮੁੱਖ ਰੱਖਦੇ ਹੋਏ ਤਹਿਸੀਲ ਬਾਬਾ ਬਕਾਲਾ ਦੇ ਬਜ਼ਾਰਾਂ ਵਿਚ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ।

ਪੰਚਾਇਤ ਵੱਲੋਂ ਚਾਰ ਮਹੀਨੇ ਤੋਂ ਪੈਨਸ਼ਨ ਨਾ ਵੰਡਣ ਕਾਰਨ ਲੋਕ ਪ੍ਰੇਸ਼ਾਨ

ਮਹਿਲ ਕਲਾਂ, 9 ਸਤੰਬਰ (ਬਲਵਿੰਦਰ ਸਿੰਘ ਵਜੀਦਕੇ)- ਪਿੰਡ ਚੁਹਾਨਕੇ ਕਲਾਂ ਵਿਖੇ ਪਿਛਲੇ ਚਾਰ ਮਹੀਨੇ ਤੋਂ ਲੋੜਵੰਦ ਲਾਭਪਾਤਰੀਆਂ ਨੂੰ ਗਰਾਮ ਪੰਚਾਇਤ ਵੱਲੋਂ ਪੈਨਸ਼ਨਾਂ ਨਾ ਵੰਡਣ ਕਰਕੇ ਮਾਨਸਿਕ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ ਪਿੰਡ ਦੇ ਸੈਂਕੜੇ ਲੋਕ ਨਗਰ ਪੰਚਾਇਤ ਦੀ ਇਕ ਸੁਰਤਾ ਨਾ ਹੋਣ ਦਾ ਖਮਿਆਜ਼ਾ ਭੁਗਤ ਰਹੇ ਹਨ। ਸਮੂਹ ਨਗਰ ਨਿਵਾਸੀਆਂ ਨੇ ਡਿਪਟੀ ਕਮਿਸ਼ਨਰ ਬਰਨਾਲਾ ਤੋਂ ਇਸ ਮੁਸ਼ਕਲ ਦਾ ਤੁਰੰਤ ਹੱਲ ਕਰਨ ਦੀ ਮੰਗ ਕੀਤੀ ਹੈ।

ਵਾਰਡ ਨੰਬਰ- 7 ਦੇ ਵਸਨੀਕ ਕੌਂਸਲਰ ਦੇ ਖਿਲਾਫ਼ ਪ੍ਰਦਰਸ਼ਨ ਕਰਦੇ ਹੋਏ ਵਾਰਡ ਪ੍ਰਧਾਨ ਗੁਰਦੇਵ ਕੌਰ ਸੰਧੂ, ਗੁਰਮੇਜ ਕੌਰ, ਹਰਪ੍ਰੀਤ ਸਿੰਘ ਰੱਖੜਾ, ਗੁਰਵਿੰਦਰ ਸਿੰਘ, ਪ੍ਰਵੀਨ ਕੌਰ ਆਦਿ।

ਕੌਂਸਲਰ ਦੀ ਬਿਆਨਬਾਜ਼ੀ ਤੋਂ ਭੜਕੇ ਲੋਕਾਂ ਨੇ ਕੀਤਾ ਰੋਸ ਪ੍ਰਦਰਸ਼ਨ

ਲੁਧਿਆਣਾ, 9 ਸਤੰਬਰ (ਪ.ਪ.) ਨਗਰ ਨਿਗਮ ਦੇ ਵਾਰਡ ਨੰਬਰ-7 ਵਿਚ ਮੁੱਢਲੀਆ ਸਹੂਲਤਾਂ ਦੀ ਕਮੀ ਨੂੰ ਲੈ ਕੇ ਇਲਾਕਾ ਨਿਵਾਸੀਆਂ ਵਲੋਂ ਕੀਤੇ ਅਰਥੀ ਫੂਕ ਪ੍ਰਦਰਸ਼ਨ ਤੋਂ ਬਾਦ ਇਲਾਕਾ ਕੌਂਸਲਰ ਵਲੋਂ ਕੀਤੀ ਬਿਆਨ ਬਾਜ਼ੀ ਤੋਂ ਭੜਕੇ ਲੋਕਾਂ ਨੇ ਅੱਜ ਪ੍ਰਤੀਮ ਮਾਰਕੀਟ ਵਿਚ ਕੌਂਸਲਰ ਦੇ ਖਿਲਾਫ਼ ਨਾਅਰੇਬਾਜ਼ੀ ਕਰਦੇ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਦੋਸ਼ ਲਗਾਇਆ ਕਿ ਜਦੋਂ ਵੋਟਾਂ ਲੈਣੀਆਂ ਸਨ ਉਦੋਂ ਇਹ ਲੋਕ ਇਸ ਵਾਰਡ ਦੇ ਸਨ ਤੇ ਹੁਣ ਜਦੋਂ ਕੌਂਸਲਰ ਦੇ ਖਿਲਾਫ਼ ਮੈਦਾਨ ਵਿਚ ਨਿਤਰੇ ਹਨ ਤਾਂ ਉਹੀ ਲੋਕ ਬਾਹਰੀ ਵਾਰਡਾਂ ਦੇ ਨਜ਼ਰ ਆਉਣ ਲੱਗ ਪਏ ਹਨ। ਕੌਂਸਲਰ ਦੇ ਖਿਲਾਫ ਆਲ ਇੰਡੀਆਂ ਸ਼੍ਰੋਮਣੀ ਅਕਾਲੀ ਦਲ ਲੌਂਗੋਵਾਲ ਦੇ ਵਾਰਡ ਨੰਬਰ-7 ਦੀ ਪ੍ਰਧਾਨ ਗੁਰਮੇਜ ਕੌਰ ਦੀ ਅਗਵਾਈ ਵਿਚ ਕੌਂਸਲਰ ਖਿਲਾਫ਼ ਫਿਰ ਤੋਂ ਰੋਸ ਪ੍ਰਦਰਸਨ ਕਰਦਿਆਂ ਨਾਅਰੇਬਾਜ਼ੀ ਕੀਤੀ। ਇਸ ਮੌਕੇ ਗੁਰਦੇਵ ਕੌਰ ਸੰਧੂ, ਹਰਪ੍ਰੀਤ ਰੱਖੜਾ,ਗੁਰਵਿੰਦਰ ਸਿੰਘ, ਪ੍ਰਵੀਨ ਕੌਰ, ਗੁਰਮੇਲ ਕੌਰ, ਨੀਰਜ਼ ਚੋਪੜਾ, ਯੋਗੇਸ਼ ਕੁਮਾਰ, ਪੂਜਾ ਗਰੇਵਾਲ, ਸਿੰਗਾਰਾ ਸਿੰਘ, ਹਰਦੇਵ ਸਿੰਘ, ਮੋਨੂੰ, ਗੁਰਨਾਮ ਕੋਰ, ਕੁਲਵਿੰਦਰ ਕੌਰ, ਕਮਲਜੀਤ ਕੌਰ, ਜਸਵੀਰ ਕੌਰ, ਬਲਵਿੰਦਰ ਕੌਰ, ਜਸਵਿੰਦਰ ਕੌਰ ਆਦਿ ਦੀ ਹਾਜ਼ਰੀ ਦੌਰਾਨ ਕੌਂਸਲਰ ਤੇ ਦੋਸ਼ ਲਗਾਉਂਦਿਆਂ ਕਿਹਾ ਕਿ ਸਾਢੇ ਤਿੰਨ ਸਾਲ ਦੇ ਕਾਰਜਕਾਲ ਵਿਚ ਅਜੇ ਵੀ ਸਿਰਫ਼ ਮੁੱਢਲੀਆਂ ਸਹੂਲਤਾਂ ਦੇ ਲਈ ਐਸਟੀਮੈਟ ਹੀ ਭੇਜੇ ਗਏ ਹਨ ਤੇ ਕੰਮ ਕਦੋਂ ਸ਼ੁਰੂ ਹੋਣਗੇ। ਇਸ ਮੌਕੇ ਵਾਰਡ ਪ੍ਰਧਾਨ ਬੀਬੀ ਗੁਰਦੇਵ ਕੌਰ ਸੰਧੂ ਨੇ ਇਲਾਕਾ ਕੌਂਸਲਰ ਵਲੋਂ ਕੀਤੀ ਬਿਆਨਬਾਜੀ ਦੀ ਕੜੀ ਨਿੰਦਾ ਕਰਦਿਆ ਕਿਹਾ ਕਿ ਕੌਂਸਲਰ ਵਲੋਂ ਚੋਣਾ ਵਿਚ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਬਜਾਏ ਸਾਢੇ ਤਿੰਨ ਸਾਲ ਪੂਰੇ ਹੋਣ ਤੋਂ ਬਾਦ ਇਲਾਕੇ ਜਗੀਰਪੁਰ, ਗਰੇਵਾਲ ਕਾਲੋਨੀ, ਪ੍ਰੇਮ ਵਿਹਾਰ ਆਦਿ ਇਲਾਕਿਆਂ ਵਿਚ ਪਾਣੀ, ਸੀਵਰੇਜ ਤੇ ਸੜਕਾਂ ਨਾ ਬਣਨ ਕਾਰਨ ਲੋਕਾਂ ਵਿਚ ਅਵਿਸਵਾਸ ਦੀ ਭਾਵਨਾ ਪੈਦਾ ਹੋ ਰਹੀਂ ਹੈ। ਅੰਤ ਵਿਚ ਆਲ ਇੰਡੀਆਂ ਯੂਥ ਅਕਾਲੀ ਦਲ ਲੌਂਗੋਵਾਲ ਦੇ ਜਿਲ੍ਹਾ ਲੁਧਿਆਣਾ ਦੇ ਪ੍ਰਧਾਨ ਬਲਬੀਰ ਸਿੰਘ ਬੱਲੀ ਨੇ ਕਿਹਾ ਕਿ ਅਕਾਲੀ ਦਲ ਲੌਂਗੋਵਾਲ ਜਨਤਾ ਨੂੰ ਆ ਰਹੀਆਂ ਮੁੱਢਲੀਆਂ ਸਹੂਲਤਾਂ ਵਾਰਡ ਪੱਧਰ ਤੇ ਆ ਰਹੀਂਆਂ ਮੁਸ਼ਕਿਲਾਂ ਦੇ ਹੱਲ ਲਈ ਪ੍ਰਸ਼ਾਸਨ ਦੇ ਖਿਲਾਫ਼ ਹਮੇਸ਼ਾ ਸ਼ੰਘਰਸ ਕਰੇਗਾ।

ਕੀਰਤਨ ਦਰਬਾਰ ਸੁਧਾਰ ਵਿਖੇ 11 ਸਤੰਬਰ ਨੂੰ

ਗੁਰੂਸਰ ਸੁਧਾਰ, 9 ਸਤੰਬਰ (ਹਰਨੇਕ ਸਿੰਘ ਖਾਲਸਾ)- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰੀ ਅਕਾਲ ਪੁਰਖ ਜੀ ਦੀ ਮਹਾਨ ਬਖਸ਼ਿਸ਼ ਸਦਕਾ ਭਾਈ ਨਾਜਰ ਸਿੰਘ ਜੀ ਦੇ ਗ੍ਰਹਿ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦਾ 52ਵਾਂ ਸਮਾਗਮ ਕਰਵਾਇਆ ਜਾ ਰਿਹਾ ਹੈ। 11 ਸਤੰਬਰ ਦਿਨ ਸ਼ਨੀਵਾਰ ਦੀ ਰਾਤ ਨੂੰ ਪਾਠ ਸ੍ਰੀ ਰਹਿਰਾਸ 6.30 ਵਜੇ ਕੀਰਤਨ ਦਰਬਾਰ 7.30 ਸ਼ੁਰੂ ਹੋਵੇਗਾ। ਇਸ ਸਮਾਗਮ ਵਿਚ ਸੰਤ ਭਗਤ ਸਿੰਘ ਢੱਕੀ ਸਾਹਿਬ ਵਾਲੇ, ਭਾਈ ਬਲਵੀਰ ਸਿੰਘ ਡਾਗੋ, ਜਥੇਦਾਰ ਭਰਭੂਰ ਸਿੰਘ ਢੱਕੀ ਸਾਹਿਬ ਵਾਲੇ, ਸੇਵਾ ਸਿੰਘ ਤਰਮਾਲਾ ਤੋਂ ਇਲਾਵਾ ਹੋਰ ਵੀ ਪੰਥ ਦੀਆਂ ਮਹਾਨ ਹਸਤੀਆਂ ਪੁੱਜ ਰਹੀਆਂ ਹਨ। ਭੋਗ 12 ਸਤੰਬਰ ਨੂੰ ਪਾਏ ਜਾਣਗੇ। ਦੀਵਾਨ ਸਜਣਗੇ ਗੁਰੂ ਕੇ ਲੰਗਰ ਅਤੁੱਟ ਹੋਣਗੇ।

ਦੁੱਖ ਦਾ ਪ੍ਰਗਟਾਵਾ

ਗੋਨਿਆਣਾ ਮੰਡੀ, 9 ਸਤੰਬਰ (ਸੱਤਪਾਲ ਬਾਂਸਲ)- ਵਿਧਾਨ ਸਭਾ ਹਲਕਾ ਭੁੱਚੋ ਦੇ ਮੀਡੀਆ ਇੰਚਾਰਜ ਸ: ਸੁਖਬੀਰ ਸਿੰਘ ਦੇ ਪਿਤਾ ਮਾਸਟਰ ਕਰਨੈਲ ਸਿੰਘ ਨੰਬਰਦਾਰ ਦੇ ਸਵਰਗਵਾਸ ਹੋਣ 'ਤੇ ਕਾਂਗਰਸੀ ਆਗੂਆਂ ਅਤੇ ਵਿਧਾਇਕਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਜਿਨ੍ਹਾਂ ਵਿੱਚ ਅਜਾਇਬ ਸਿੰਘ ਭੱਟੀ ਹਲਕਾ ਵਿਧਾਇਕ ਭੁੱਚੋ, ਨਰਿੰਦਰ ਭਲੇਰੀਆ ਦਿਹਾਤੀ ਜਿਲ੍ਹਾ ਪ੍ਰਧਾਨ, ਭਗਵਾਨ ਦਾਸ ਗਰਗ ਮੈਂਬਰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਅਮਨ ਭੱਟੀ, ਲਖਵਿੰਦਰ ਸਿੰਘ ਲੱਖਾ ਪ੍ਰਧਾਨ ਯੂਥ ਕਾਂਗਰਸ (ਬਠਿੰਡਾ), ਅਵਤਾਰ ਸਿੰਘ ਪ੍ਰਧਾਨ ਕਾਂਗਰਸ ਕਮੇਟੀ ਗੋਨਿਆਣਾ, ਪਾਲ ਸਿੰਘ ਪੰਚਾਇਤ ਮੈਂਬਰ, ਗੁਰਦੀਪ ਸਿੰਘ ਬਲਾਕ ਸੰਮਤੀ ਮੈਂਬਰ, ਗੋਨੀ ਸਰਾਂ ਸਿਟੀ ਮੀਤ ਪ੍ਰਧਾਨ, ਸੋਹਨ ਲਾਲ ਸੈਕਟਰੀ ਸ੍ਰੀ ਇੱਛਾ ਪੂਰਨ ਹਨੂੰਮਾਨ ਮੰਦਿਰ, ਨਰੇਸ਼ ਕੁਮਾਰ ਆਦਿ ਤੋਂ ਇਲਾਵਾ ਹੋਰ ਵੀ ਕਾਂਗਰਸੀ ਵਰਕਰਾਂ ਨੇ ਇਸ ਦੁੱਖ ਦੀ ਘੜੀ ਵਿੱਚ ਦੁਖੀ ਪਰਿਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

ਪੰਜ ਰੋਜ਼ਾ ਵਰਕ ਕੈਂਪ ਪਿੰਡ 'ਚ ਲਗਾਇਆ

ਮੌੜ ਮੰਡੀ, 9 ਸਤੰਬਰ (ਸ਼ਾਮ ਲਾਲ ਜੋਧਪੁਰੀਆ)- ਨਜ਼ਦੀਕ ਪਿੰਡ ਰਾਮਗੜ੍ਹ ਭੂੰਦੜ (ਦਰੀਆਂਪੁਰ ਖੁਰਦ) ਵਿਖੇ ਨਹਿਰੂ ਯੁਵਾ ਕੇਂਦਰ ਮਾਨਸਾ ਦੇ ਸਹਿਯੋਗ ਨਾਲ ਪੰਜ ਰੋਜ਼ਾ ਵਰਕ ਕੈਂਪ ਨੌਜਵਾਨ ਸਪੋਰਟਸ ਐਂਡ ਵੈਲਫੇਅਰ ਕਲੱਬ ਨੇ ਪਿੰਡ ਵਿਖੇ ਲਗਾਇਆ। ਨਹਿਰੂ ਯੁਵਾ ਕੇਂਦਰ ਦੇ ਲੇਖਾਕਾਰ ਸ੍ਰੀ ਸੰਦੀਪ ਘੰਡ ਨੇ ਦੱਸਿਆ ਕਿ ਇਹ ਵਰਨਣਯੋਗ ਹੈ ਕਿ ਕਲੱਬ ਨੇ ਨਹਿਰੂ ਯੁਵਾ ਕੇਂਦਰ ਤੋਂ ਪ੍ਰਾਪਤ ਹੋਏ ਪੈਸਿਆਂ ਤੋਂ ਇਲਾਵਾ ਆਪਣੇ ਫੰਡ ਵਿੱਚੋਂ 15000/- ਰੁਪਏ ਹੋਰ ਕੈਂਪ ਤੇ ਖਰਚ ਕਰਕੇ ਕੈਂਪ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ। ਅੱਜ ਕੈਂਪ ਦੇ ਸਮਾਪਤੀ ਸਮਾਰੋਹ ਵਿੱਚ ਮੈਡਮ ਪਰਮਜੀਤ ਕੌਰ ਸੋਹਲ ਯੂਥ ਕੋਆਰਡੀਨੇਟਰ ਲੇਖਾਕਾਰ ਸੰਦੀਪ ਘੰਡ ਅਤੇ ਅਧਿਆਪਕ ਦਲ ਦੇ ਬਲਾਕ ਪ੍ਰਧਾਨ ਅਮਰਿੰਦਰ ਸਿੰਘ ਦਾਤੇਵਾਸ ਬਤੌਰ ਮੁੱਖ ਮਹਿਮਾਨ ਹਾਜ਼ਰ ਸਨ। ਸੰਦੀਪ ਘੰਡ ਨੇ ਆਪਣੇ ਭਾਸ਼ਣ ਵਿੱਚ ਨੌਜਵਾਨ ਪੀੜ੍ਹੀ ਨੂੰ ਸਮਾਜਿਕ ਬੁਰਾਈਆਂ ਖਤਮ ਕਰਕੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਅਪੀਲ ਕੀਤੀ। ਮੈਡਮ ਸੋਹਲ ਨੇ ਆਪਣੇ ਸੁਨੇਹੇ ਵਿੱਚ ਕਿਹਾ ਕਿ ਅੱਜ ਸਾਨੂੰ ਆਪਣੇ ਬਜ਼ੁਰਗਾਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਅਮਰਿੰਦਰ ਸਿੰਘ ਨੇ ਆਪਣੇ ਭਾਸ਼ਣ ਵਿੱਚ ਕਲੱਬ ਨੂੰ ਵਰਕ ਕੈਂਪ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਅੱਜ ਸਾਨੂੰ ਸਮਾਜ ਨੂੰ ਸੇਧ ਦੇਣ ਵਾਲੇ ਅਜਿਹੇ ਕੈਂਪ ਜ਼ਰੂਰ ਲਗਾਉਣੇ ਚਾਹੀਦੇ ਹਨ। ਇਸ ਮੌਕੇ ਕੈਂਪ ਦੇ ਦੋ ਵੈਸਟ ਵਲੰਟੀਅਰਾਂ ਨੂੰ ਟਰਾਫੀਆਂ ਦੇ ਨਾਲ-ਨਾਲ ਕੈਂਪ ਦੇ 50 ਵਲੰਟੀਅਰਾਂ ਨੂੰ ਸਰਟੀਫਿਕੇਟ ਤਕਸੀਮ ਕੀਤੇ ਗਏ। ਇਸ ਮੌਕੇ ਕਲੱਬ ਵੱਲੋਂ 300 ਬੂਟੇ ਨਗਰ ਨਿਵਾਸੀਆਂ ਨੂੰ ਵੰਡੇ ਗਏ। ਇਸ ਮੌਕੇ ਸਰਪੰਚ ਭਗਤ ਸਿੰਘ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਨਛੱਤਰ ਸਿੰਘ, ਸਾਬਕਾ ਸਰਪੰਚ ਕਪੂਰ ਸਿੰਘ, ਬਚਿੰਤ ਸਿੰਘ, ਮੁਕੰਦ ਸਿੰਘ, ਜਗਰੂਪ ਸਿੰਘ, ਨਹਿਰੂ ਯੁਵਾ ਕੇਂਦਰ ਦੇ ਬਲਾਕ ਇੰਚਾਰਜ ਸੰਦੀਪ ਕੌਰ, ਪਰਮਜੀਤ ਕੌਰ ਤੋਂ ਇਲਾਵਾ ਕਲੱਬ ਦੇ ਸੀਨੀਅਰ ਅਹੁਦੇਦਾਰ ਤੇ ਸਮੁੱਚੇ ਪਿੰਡ ਤੇ ਮੋਹਤਬਰ ਵਿਅਕਤੀ ਹਾਜ਼ਰ ਸਨ। ਕਲੱਬ ਦੇ ਪ੍ਰਧਾਨ ਜਸਮੇਲ ਸਿੰਘ ਨੇ ਆਏ ਹੋਏ ਮਹਿਮਾਨਾਂ ਤੇ ਪਿੰਡ ਵਾਸੀਆਂ ਦਾ

ਵਰਕ ਕੈਂਪ ਤੇ ਇਨਾਮ ਵੰਡ ਸਮਾਰੋਹ ਵਿਚ ਮੈਡਮ ਸੋਹਲ ਨੇ ਸਰਟੀਫਿਕੇਟ ਤਕਸੀਮ ਕੀਤੇ। ਤਸਵੀਰ: ਸ਼ਾਮ ਲਾਲ ਜੋਧਪੁਰੀਆ